# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 5.4.2022 ਦੀ ਕਾਰਵਾਈ

(ਮਤਾ ਨੰ: **111-123)**

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 5.4.2022 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ, ਜਲੰਧਰ ਵਿਖੇ, ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ੍ਰੀ ਕਰਨੇਸ਼ ਸ਼ਰਮਾ, ਕਮਿਸ਼ਨਰ, ਆਈ.ਏ.ਐਸ. ...... .......... ਮੈਂਬਰ
3. ਸ੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ............... ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ................ ਮੈਂਬਰ
5. ਸ੍ਰੀ ਗਿਆਨ ਚੰਦ, ਕੌਂਸਲਰ .......................................... ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.4.2022

ਮਤਾ ਨੰਬਰ:-111

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 6.1.2022 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 6.1.2022 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜ਼ੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ।

ਫੈਸਲਾ:

- ਮਿਤੀ 16.12.2021 ਦੀ ਲੰਬਿਤ ਮੱਦ ਨੰ: 1100 ਸਬੰਧੀ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਦੱਸਿਆ ਕਿ ਸਬੰਧਤ ਠੇਕੇਦਾਰੀ/ਅਜੰਸੀਆਂ ਵਲੋਂ ਇਹਨਾਂ ਟੈਂਡਰਾਂ ਸਬੰਧੀ 5% ਸੇਵਿੰਗ ਲਈ ਸਹਿਮਤੀ ਦਿਤੀ ਹੈ ਜਿਸ ਤੇ ਕਮੇਟੀ ਵਲੋਂ ਇਹਨਾਂ ਟੈਂਡਰਾਂ ਨੂੰ 5% ਸੇਵਿੰਗ ਤੇ ਪ੍ਰਵਾਨ ਕੀਤਾ ਜਾਂਦਾ ਹੈ ।
- ਮਿਤੀ 27.12.2021 ਦੇ ਲੰਬਿਤ ਮਤਾ ਨੰ: 1144 ਸਬੰਧੀ ਐਸ.ਈ.(ਬੀ ਐਂਡ ਆਰ) ਵਲੋਂ ਅਗਲੀ ਮੀਟਿੰਗ ਵਿੱਚ ਇਸ ਸਬੰਧੀ ਦੱਸਿਆ ਜਾਵੇਗਾ ।
- ਮਿਤੀ 6.1.2022 ਦੇ ਲੰਬਤ ਮਤਾ ਨੰ: 8 ਦੇ ਲੜੀ ਨੰ: 4, ਦੇ ਟੈਂਡਰ ਸਬੰਧੀ ਫੈਸਲਾ ਹੋਇਆ ਕਿ ਇਸ ਦਾ ਮੌਕਾ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਦਿਖਾਇਆ ਜਾਵੇ ਅਤੇ ਇਹ ਮਿਸਲ ਸ੍ਰੀ ਰਾਹੁਲ ਧਵਨ, ਐਸ.ਈ. (ਬੀ ਐਂਡ ਆਰ) ਨੂੰ ਹੱਥਦਸਤੀ ਦੇ ਦਿੱਤੀ ਗਈ ।
- ਮਿਤੀ 6.1.2022 ਦੇ ਲੰਬਤ ਮਤਾ ਨੰ: 13 ਅਤੇ 24 ਸਬੰਧੀ ਫੈਸਲਾ ਹੋਇਆ ਕਿ ਐਸ.ਈ.(ਬੀ ਐਂਡ ਆਰ) ਅਗਲੀ ਮੀਟਿੰਗ ਵਿੱਚ ਇਸ ਸਬੰਧੀ ਦੱਸਣਗੇ ।
- ਮਿਤੀ 6.1.2022 ਦੇ ਲੰਬਤ ਮਤਾ ਨੰ: 15 ਅਤੇ 16 ਦੇ ਟੈਂਡਰਾਂ ਸਬੰਧੀ ਫੈਸਲਾ ਹੋਇਆ ਕਿ ਇਹਨਾਂ ਦਾ ਮੌਕਾ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਦਿਖਾਇਆ ਜਾਵੇ ਅਤੇ ਇਹ ਮਿਸਲਾਂ ਸ੍ਰੀ ਰਾਹੁਲ ਧਵਨ, ਐਸ.ਈ. (ਬੀ ਐਂਡ ਆਰ) ਨੂੰ ਹੱਥਦਸਤੀ ਦੇ ਦਿੱਤੀਆਂ ਗਈਆਂ।
- ਮਿਤੀ 6.1.2022 ਦੇ ਲੰਬਤ ਮਤਾ ਨੰ: 47 ਸਬੰਧੀ ਫੈਸਲਾ ਹੋਇਆ ਕਿ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ।
- ਮਿਤੀ 6.1.2022 ਦੇ ਲੰਬਤ ਮਤਾ ਨੰ: 88 ਸਬੰਧੀ ਫੈਸਲਾ ਹੋਇਆ ਕਿ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ।
- ਇਹਨਾਂ ਤਰਮੀਮਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.4.2022

ਮਤਾ ਨੰਬਰ:-112

ਵਿਸ਼ਾ:- Estimate for O&M of 25 MLD STP-1 at Pholriwal on SBR Technology for 5 years (ਟੈਂਡਰ ਪ੍ਰਵਾਗੀ ਹਿਤ)

| | | | |
|---|---|---|---|
| ਕੰਮ ਦਾ ਤਖਮੀਨਾ ਰੁਪਏ | 308.22 ਲੱਖ | ਵੈਟਡ ਅਮਾਉਂਟ ਰੁਪਏ | 273.60 ਲੱਖ |
| ਟੈਂਡਰ ਅਮਾਉਂਟ ਰੁਪਏ | 265.67 ਲੱਖ | | |
| ਪ੍ਰਾਪਤ ਟੈਂਡਰ | 2 (ਦੂਸਰੀ ਬਾਰੀ) | | |
| ਅਜੰਸੀ ਦਾ ਨਾਮ | M/s Eco Chem Sales & Services | | |

**ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ: 86 ਮਿਤੀ 6.1.2022 ਸਬੰਧੀ**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਫੋਲੜੀਵਾਲ ਵਿਖੇ ਲਗੇ ਹੋਏ 25 ਐਮ.ਐਲ.ਡੀ ਸੀਵਰੇਜ਼ ਟ੍ਰੀਟਮੇਂਟ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਮ 5 ਸਾਲਾਂ ਵਾਸਤੇ ਕਰਵਾਉਣ ਲਈ ਇਸ ਦਫਤਰ ਵਲੋਂ ਤਖਮੀਨਾ ਰੁਪਏ 308.22 ਲੱਖ ਦਾ ਤਿਆਰ ਕਰਕੇ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਵੈਟ ਕਰਨ ਹਿੱਤ ਭੇਜਿਆ ਗਿਆ ਸੀ, ਜਿਸ ਨੂੰ ਉਨ੍ਹਾਂ ਵਲੋਂ ਆਪਣੇ ਪੱਤਰ ਨੰਬਰ ਸੀ.ਈ-2021 ਮਿਤੀ 24477 ਮਿਤੀ 23-06-2021 ਰਾਹੀਂ ਤਖਮੀਨਾ ਰੁਪਏ 308.22 ਲੱਖ ਦੇ ਵਿਰੁੱਧ ਰੁਪਏ 273.60 ਲੱਖ ਦਾ ਵੈਟ ਕਰਕੇ ਇਸ ਦਫਤਰ ਨੂੰ ਭੇਜਿਆ ਗਿਆ ਹੈ। ਇਸ ਕੰਮ ਦੇ ਟੈਂਡਰ ਲਗਾਉਣ ਤੋਂ ਪਹਿਲਾ ਵੈਟਡ ਤਖਮੀਨਾ ਨਗਰ ਨਿਗਮ ਹਾਊਸ ਵਿੱਚ ਪ੍ਰਵਾਨਗੀ ਹਿੱਤ ਰਖਿਆ ਗਿਆ, ਜਿਸ ਨੂੰ ਮੇਅਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 26-08-2021 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਗਿਆ ਸੀ। ਇਸ ਤਖਮੀਨੇ ਨੂੰ ਬਾਅਦ ਵਿੱਚ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 129(10) ਮਿਤੀ 28-10-2021 ਰਾਹੀਂ ਪ੍ਰਵਾਨ ਕੀਤਾ ਗਿਆ ਸੀ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਪਹਿਲੀ ਬਾਰੀ ਮਿਤੀ 07-10-2021 ਲਈ ਮੰਗੇ ਗਏ ਸਨ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 08-11-2021 ਲਈ ਮੰਗੇ ਗਏ ਤੇ ਕੁੱਲ 2 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਵਿਚੋਂ ਸਿਰਫ ਇੱਕ ਬਿਡ M/s Eco Chem Sales & Services ਹੀ ਕੁਆਲੀਫਾਈ ਕਰਦੀ ਸੀ, ਇਸ ਲਈ ਇਸ ਅਜੰਸੀ ਦੀ ਵਿੱਤੀ ਬਿਡ ਖੋਲੀ ਗਈ, ਜਿਸ ਅਨੁਸਾਰ ਇਸ ਅਜੰਸੀ ਵਲੋਂ ਵੈਟਡ ਤਖਮੀਨਾ ਰੁਪਏ 273.60 ਲੱਖ ਦੇ ਵਿਰੁੱਧ ਰੁਪਏ 265.67 ਲੱਖ ਵਿੱਚ ਕੰਮ ਕੀਤਾ ਜਾਣਾ ਹੈ।

ਕਿਉਂ ਜੋ ਸਥਾਨਕ ਸਰਕਾਰ, ਪੰਜਾਬ ਦੀਆਂ SOP ਦੀਆਂ ਸ਼ਰਤਾਂ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਵਲੋਂ ਦਿੱਤੀ ਜਾਣੀ ਹੈ। ਇਸ ਲਈ ਉਪਰਕੋਤ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਵਿੱਤੀ ਪ੍ਰਵਾਨਗੀ ਲਈ ਇਸ ਦਫਤਰ ਦੇ ਪੱਤਰ ਨੰਬਰ 265/ਸੀ.ਈ/ਡਬਲਯੂ.ਐਸ/ਜੀ ਮਿਤੀ 23-11-2021 ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਨੂੰ ਲਿਖਿਆ ਗਿਆ ਸੀ ਅਤੇ ਹੁਣ ਉਨ੍ਹਾਂ ਵਲੋਂ ਆਪਣੇ ਪੱਤਰ ਨੰਬਰ ਸੀ.ਈ-2021/49004 ਮਿਤੀ 17-12-2021 ਰਾਹੀਂ ਇਸ ਟੈਂਡਰ ਦੀ ਵਿੱਤੀ ਪ੍ਰਵਾਨਗੀ ਦਿੱਤੀ ਗਈ ਹੈ। ਕਿਉਂ ਜ਼ੋ ਇਸ ਟੈਂਡਰ ਦੀ ਅਤਿੰਮ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਿਚੋਂ ਲੋੜੀਂਦੀ ਹੈ, ਇਸ ਲਈ ਕੇਸ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਹਵਾਲੇ ਅਧੀਨ ਮਤੇ ਰਾਹੀਂ ਵਿਚਾਰਿਆ ਗਿਆ ਸੀ ਅਤੇ ਫੈਸਲਾ ਹੋਇਆ ਸੀ ਕਿ **ਵਿ**ਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਇਹ ਮਿਸਲ ਘੋਖਣ ਹਿੱਤ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਦਿੱਤੀ ਜਾਵੇ ਜਿਸ ਤੇ ਹੱਥਦਸਤੀ ਇਹ ਮਿਸਲ ਉਹਨਾਂ ਨੂੰ ਦੇ ਦਿੱਤੀ ਗਈ ।

ਕਾਰਾਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 28.3.2022 ਨੂੰ ਸਿਫਾਰਸ਼ ਕੀਤੀ ਹੈ ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਡ ਐਮ) ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ With regard to the above stated subject and referred agenda, the file for the said work for approval of F&CC was sent to the office of Mayor and was presented in the meeting of F&CC on 06.01.2022. The work file was put on by the committee and rest agendas were passed. As running of STPs is very important for evacuation of waste water from sewerage system and also as per the directions of NGT, in the meantime extension was given to the running contract till 31.03.2022 by utilizing the savings of tender. However, all the savings have been utilized and no extension can be given in future in the existing contract. It is kindly requested to get the new work file for 5 years O&M approval from F&CC or In Anticipation, as the plant operation and maintenance will be stopped by the present contractor in leiu of failing in providing extension or failing in allotting new tender. ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਮਿਤੀ 29.3.2022 ਨੂੰ ਉਕਤ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।ਟੈਂਡਰ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.4.2022

ਮਤਾ ਨੰਬਰ:-113

ਵਿਸ਼ਾ:- ਹਰਗੋਬਿੰਦ ਪੂਰਾ (ਖਾਲਸਾ ਕਾਲਜ) ਵਿਖੇ ਲਗਾਏ ਜਾਣ ਵਾਲੇ ਡੀਪ ਹੈਂਡ ਬੋਰ ਟਿਊਬਵੈਲ ਦੀ ਸਾਇਟ ਚੇਂਜ ਕਰਕੇ ਸੈਂਟਰਲ ਟਾਊਨ ਗੱਲੀ ਨੰਬਰ 5 ਵਾਰਡ ਨੰਬਰ 19 ਵਿਖੇ ਲਗਾਉਣ ਦੀ ਪ੍ਰਵਾਨਗੀ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿਤ)

| | | |
|---|---|---|
| ਤਖਮੀਨਾ ਰੁਪਏ | 13,63,288/- | |
| ਟੈਂਡਰ ਅਮਾਉਂਟ ਰੁਪਏ | 12,92,260/- | ਸੇਵਿੰਗ 5.21% |
| ਅਜੰਸੀ ਦਾ ਨਾਮ | The Sun Star co. op L/C Society Ltd. | |

ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਤਖਮੀਨਾ ਰੁਪਏ 13,63,288/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 89(1) ਮਿਤੀ 01-12-2020 ਰਾਹੀਂ ਦਿੱਤੀ ਗਈ ਸੀ। ਇਸ ਕੰਮ ਲਈ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਇਟੀਆਂ ਤੋਂ ਦੂਸਰੀ ਬਾਰੀ ਮਿਤੀ 19-08-2021 ਲਈ ਮੰਗੇ ਤੇ ਸਿਰਫ 2 ਟੈਂਡਰ ਪ੍ਰਾਪਤ ਹੋਏ ਜ਼ੋ ਕਿ ਤਕਨੀਕੀ ਮਿਆਰ ਪਖੋਂ ਪੂਰੇ ਪਾਏ ਗਏ। ਇਸ ਲਈ ਇਨ੍ਹਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਤੇ ਘੱਟ ਰੇਟ ਦਾ ਟੈਂਡਰ ਉਕਤ ਸੁਸਾਇਟੀ ਦਾ ਪ੍ਰਾਪਤ ਹੋਇਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 668(7) ਮਿਤੀ 15-09-2021 ਰਾਹੀਂ ਪ੍ਰਵਾਨ ਕੀਤਾ ਗਿਆ ਸੀ।

ਇਨ੍ਹਾਂ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਦਫਤਰ ਵਲੋਂ ਪੱਤਰ ਨੰਬਰ CE/ET/TW/64 ਮਿਤੀ 23-09-2021 ਰਾਹੀਂ ਸੁਸਾਇਟੀ ਨੂੰ ਵਰਕ ਆਰਡਰ ਜਾਰੀ ਕਰਕੇ ਇਕਰਾਰਨਾਮਾ ਕੀਤਾ ਗਿਆ ਤੇ ਕੰਮ ਵਾਸਤੇ 4 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ।

ਇਸ ਉਪਰੰਤ ਜ਼ੋਨ ਦੇ ਜੇ.ਈ ਅਤੇ ਐਸ.ਡੀ.ਓ ਵਲੋਂ ਦਸਿਆ ਗਿਆ ਹੈ ਕਿ ਹਰਗੋਬਿੰਦ ਪੂਰਾ (ਖਾਲਸਾ ਕਾਲਜ) ਵਿਖੇ ਜਿਥੇ ਟਿਊਬਵੈਲ ਲਗਇਆ ਜਾਣਾ ਸੀ, ਉਸ ਜਗ੍ਹਾ ਤੇ ਪਾਰਕ ਬਣ ਜਾਣ ਕਾਰਨ ਟਿਊਬਵੈਲ ਲਗਾਉਣ ਲਈ ਕੋਈ ਵੀ ਦੂਸਰੀ ਸਾਈਟ ਉਪਲਬੱਧ ਨਹੀਂ ਹੈ ਅਤੇ ਇਸ ਜਗ੍ਹਾ ਤੇ ਇਸ ਵਕਤ ਪਾਣੀ ਦੀ ਵੀ ਕੋਈ ਕਮੀ ਨਹੀਂ ਹੈ। ਇਸ ਦੇ ਸਬੰਧ ਵਿੱਚ ਜਲੰਧਰ ਸੈਂਟਰਲ ਹਲਕਾ ਦੇ ਵਿਧਾਇਕ ਸ਼੍ਰੀ ਰਜਿੰਦਰ ਬੇਰੀ ਜੀ ਵਲੋਂ ਆਪਣੇ ਪੱਤਰ ਰਾਹੀਂ ਹੁਕਮ ਕੀਤੇ ਹਨ ਕਿ ਉਨ੍ਹਾਂ ਦੇ ਹਲਕੇ ਅਧੀਨ ਪੈਂਦੇ ਵਾਰਡ ਨੰਬਰ 19 ਵਿੱਚ ਸੈਂਟਰਲ ਟਾਊਨ ਦੀ ਗੱਲੀ ਨੰਬਰ 5 ਵਿੱਚ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਕਾਫੀ ਜਿਆਦਾ ਸਮਸਿਆ ਆ ਰਹੀ ਹੈ। ਇਸ ਲਈ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਬੇਹਤਰ ਸੁਵਿਧਾ ਦੇਣ ਵਾਸਤੇ ਅਲਾਟ ਹੋਏ ਹਰਗੋਬਿੰਦ ਪੂਰਾ (ਖਾਲਸਾ ਕਾਲਜ) ਵਿਖੇ ਲਗਾਏ ਜਾਣ ਵਾਲੇ ਡੀਪ ਹੈਂਡ ਬੋਰ ਟਿਊਬਵੈਲ ਦੀ ਸਾਇਟ ਚੇਂਜ ਕਰਕੇ ਇਹ ਟਿਊਬਵੈਲ ਵਾਰਡ ਨੰਬਰ 19 ਸੈਂਟਰਲ ਟਾਊਨ ਦੀ ਗੱਲੀ ਨੰਬਰ 5 ਵਿਖੇ ਲਗਵਾਇਆ ਜਾਵੇ।

ਇਸ ਲਈ ਲੋਕ ਹਿੱਤ ਅਤੇ ਮਾਨਯੋਗ ਵਿਧਾਇਕ ਜੀ ਦੇ ਹੁਕਮਾਂ ਨੂੰ ਮੁੱਖ ਰੱਖਦੇ ਹੋਏ **ਹਰਗੋਬਿੰਦ ਪੂਰਾ (ਖਾਲਸਾ ਕਾਲਜ) ਵਿਖੇ ਲਗਾਏ ਜਾਣ ਵਾਲੇ ਡੀਪ ਹੈਂਡ ਬੋਰ ਟਿਊਬਵੈਲ ਦੀ ਸਾਇਟ ਚੇਂਜ ਕਰਕੇ ਵਾਰਡ ਨੰਬਰ 19 ਸੈਂਟਰਲ ਟਾਊਨ ਗੱਲੀ ਨੰਬਰ 5** ਲਗਾਉਣ ਵਾਸਤੇ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ। । ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਵਾਰਡ ਨੰ: 15 ਦੇ ਕੌਂਸਲਰ ਵਲੋਂ ਇਸ ਤਜ਼ਵੀਜ਼ ਸਬੰਧੀ ਇਤਰਾਜ਼ ਜਤਾਇਆ ਗਿਆ ਹੈ, ਇਸ ਲਈ ਇਹ ਤਜ਼ਵੀਜ਼ ਰੱਦ ਕੀਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.4.2022

ਮਤਾ ਨੰਬਰ:-114

ਵਿਸ਼ਾ:- Providing and Laying of Sewerline at Gujja Peer road from JMC Colony to Krishna Medicos and in Deepu Wali Gali Ward 62 ਈ-ਟੈਂਡਰ ਪ੍ਰਵਾਨਗੀ ਹਿੱਤ।

| | | | |
|---|---|---|---|
| ਤਖਮੀਨਾ | ਰੁਪਏ 32,24,000/- | | |
| ਟੈਂਡਰ ਅਮਾਊਂਟ | ਰੁਪਏ 31,59,520/- | Saving 2% | |
| ਫਰਮ ਦਾ ਨਾ | M/s Jagtar Singh Cont. | | |
| ਟੈਂਡਰ ਕਾਲ ਕੀਤੇ:- | ਦੂਸਰੀ Attempt | | ਪ੍ਰਾਪਤ ਹੋਏ ਟੈਂਡਰ-1 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਇਸ ਤਖਮੀਨੇ ਦੀ ਅੰਤਿਮ ਪ੍ਰਵਾਨਗੀ ਹਾਊਸ ਨੇ ਅਪਣੇ ਮਤਾ ਨੰ: 129(37) ਮਿਤੀ 28.10.2021 ਰਾਹੀਂ ਦੇ ਦਿੱਤੀ ਹੈ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਤੋ ਪਜਿਲਾ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਵੱਲੋਂ ਮਿਤੀ 02.12.21 ਅਤੇ ਮਾਣਯੋਗ ਕਮਿਸ਼ਨਰ ਜੀ ਵੱਲੋ ਮਿਤੀ 07.12.21 ਸਾਹੀ ਸਹਿਮਤੀ ਦਿੱਤੀ, ਜਿਸ ਉਪਰੰਤ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਪੇਸ਼ ਕੀਤਾ ਗਿਆ।ਵਿੱਤ ਅਤੇ ਠੇਕਾ ਕਮੇਟੀ ਵੱਲੋਂ ਮਤਾ ਨੰ: 1114 ਮਿਤੀ 16.12.2021 ਰਾਹੀਂ ਇਸ ਕੰਮ ਦੇ ਟੈਂਡਰ ਸੰਬੰਧੀ ਇਹ ਫੈਸਲਾ ਹੋਇਆ ਕਿ:-

*ਅਜੰਸੀ/ਠੇਕੇਦਾਰ ਵਲੋਂ ਇਸ ਕੰਮ ਲਈ 5.55% ਸੇਵਿੰਗ ਦੇਣ ਲਈ ਸਹਿਮਤੀ ਦਿੱਤੀ ਗਈ ਹੈ।ਜਿਸ ਤੇ ਕਮੇਟੀ ਵਲੋਂ ਇਸ ਕੰਮ ਨੂੰ 5.55% ਸੇਵਿੰਗ ਤੇ ਪ੍ਰਵਾਨ ਕਰਨ ਦੀ ਮੰਜੂਰੀ ਦਿੱਤੀ॥*

ਵਿੱਤ ਅਤੇ ਠੇਕਾ ਕਮੇਟੀ ਦੇ ਫੈਸਲੇ ਨੂੰ ਮੁੱਖ ਰੱਖਦੇ ਹੋਏ ਓ.ਐਂਡ.ਐਮ ਵੱਲੋ **ਅਜੰਸੀ/ਠੇਕੇਦਾਰ ਨੂੰ ਇਸ ਕੰਮ ਲਈ 5.55% ਸੇਵਿੰਗ ਅਨੁਸਾਰ ਵਰਕ ਆਰਡਰ CE/ET/OM/200 Dt 23.12.2021 ਜਾਰੀ ਕੀਤਾ ਗਿਆ।**

**ਹੁਣ ਇਥੇ ਇਹ ਦਸਣਯੋਦ ਹੈ ਕਿ ਅਜੰਸੀ/ਠੇਕੇਦਾਰ ਵੱਲੋ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੂੰ ਪੱਤਰ ਮਿਤੀ 24.12.21 ਰਾਹੀ ਇਸ ਕੰਮ ਨੂੰ 5.55% ਸੇਵਿੰਗ ਤੇ ਨਾ ਕਰਨ ਲਈ ਬੇਨਤੀ ਕੀਤੀ ਹੈ ।**

ਇਸ ਲਈ ਮੁੜ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ । ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.4.2022

ਮਤਾ ਨੰਬਰ:-115

ਵਿਸ਼ਾ:- Providing and Laying of 8 inch and 12 inch dia Sewerline in different areas of Zone No.- 5A Ward 11 (ਈ-ਟੈਂਡਰ ਪ੍ਰਵਾਨਗੀ ਹਿੱਤ)

| | | | |
|---|---|---|---|
| ਤਖਮੀਨਾ | ਰੁਪਏ 17,98,575/- | | |
| ਟੈਂਡਰ ਅਮਾਊਂਟ | ਰੁਪਏ 16,78,789/- | Saving 6.66% | |
| ਫਰਮ ਦਾ ਨਾ | The Adhi Co.op L/C Society Ltd. | | |
| ਟੈਂਡਰ ਕਾਲ ਕੀਤੇ:- | ਪਹਿਲੀ Attempt | ਪ੍ਰਾਪਤ ਹੋਏ ਟੈਂਡਰ-3 | |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 01.11.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਇਸ ਕੰਮ ਦੇ ਟੈਂਡਰ ਦੀ ਪੂਰਵ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.4.2022

ਮਤਾ ਨੰਬਰ:-116

ਵਿਸ਼ਾ:- Providing and Laying of 8 inch dia Sewerline in Park Avenue W-08
(ਈ-ਟੈਂਡਰ ਪ੍ਰਵਾਨਗੀ ਹਿੱਤ)

| | | | |
|---|---|---|---|
| ਤਖਮੀਨਾ | ਰੁਪਏ | 14,24,844/- | |
| ਟੈਂਡਰ ਅਮਾਉਂਟ | ਰੁਪਏ | 12,98,032/- | Saving 8.90% |
| ਫਰਮ ਦਾ ਨਾ | The Shine Star Co.op L/C Society Ltd. | | |
| ਟੈਂਡਰ ਕਾਲ ਕੀਤੇ:- | ਪਹਿਲੀ Attempt | | ਪ੍ਰਾਪਤ ਹੋਏ ਟੈਂਡਰ-4 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 01.11.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੁਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਇਸ ਕੰਮ ਦੇ ਟੈਂਡਰ ਦੀ ਪੂਰਵ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.4.2022

ਮਤਾ ਨੰਬਰ:-117

ਵਿਸ਼ਾ:- Providing and Laying of 12 inch dia Sewerline near Victoria Garden to Village Pragpur Chowk Z-5A Ward 11 (ਈ-ਟੈਂਡਰ ਪ੍ਰਵਾਨਗੀ ਹਿੱਤ)

| | | | |
|---|---|---|---|
| ਤਖਮੀਨਾ | ਰੁਪਏ | 12,69,835/- | |
| ਟੈਂਡਰ ਅਮਾਉਂਟ | ਰੁਪਏ | 11,59,359/- | Saving 8.70% |
| ਫਰਮ ਦਾ ਨਾ | The Shine Star Co.op L/C Society Ltd. | | |
| ਟੈਂਡਰ ਕਾਲ ਕੀਤੇ:- | ਪਹਿਲੀ Attempt | | ਪ੍ਰਾਪਤ ਹੋਏ ਟੈਂਡਰ-4 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 01.11.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੁਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਇਸ ਕੰਮ ਦੇ ਟੈਂਡਰ ਦੀ ਪੂਰਵ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.4.2022

ਮਤਾ ਨੰਬਰ:-118

ਵਿਸ਼ਾ:- Providing and Laying of 8 inch dia Sewerline and Manholes at different areas of z 5A Ward 13 (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਤਖਮੀਨਾ | ਰੁਪਏ 14,17,500/- | |
| ਟੈਂਡਰ ਅਮਾਉਂਟ | ਰੁਪਏ 13,23,945/- | Saving 6.60% |
| ਫਰਮ ਦਾ ਨਾ | The Adhi Co.op L/C Society Ltd. | |
| ਟੈਂਡਰ ਕਾਲ ਕੀਤੇ:- | ਪਹਿਲੀ Attempt | ਪ੍ਰਾਪਤ ਹੋਏ ਟੈਂਡਰ-3 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 04.12.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੁਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਇਸ ਕੰਮ ਦੇ ਟੈਂਡਰ ਦੀ ਪੂਰਵ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.4.2022

ਮਤਾ ਨੰਬਰ:-119

ਵਿਸ਼ਾ:- Providing and installation of New LED Street Light at Various Mohalla /Parks of Ward 12 (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਤਖਮੀਨਾ | ਰੁਪਏ 3,97,950/- | |
| ਰਿਵਾਇਜ਼ ਤਖਮੀਨਾ | ਰੁਪਏ: 4,29,752/- | |
| ਟੈਂਡਰ ਅਮਾਉਂਟ | ਰੁਪਏ 4,01,818/- | ਸੇਵਿੰਗ 6.50% |
| ਫਰਮ ਦਾ ਨਾ | ਮੈਸ: Sareen Contractor | |
| ਟੈਂਡਰ ਕਾਲ ਕੀਤੇ:- | ਪਹਿਲੀ ਬਾਰੀ | ਪ੍ਰਾਪਤ ਹੋਏ ਟੈਂਡਰ- 3 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸਟਰੀਟ ਲਾਇਟ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਇਸ ਤਖਮੀਨੇ ਦੀ ਅੰਤਿਮ ਪ੍ਰਵਾਨਗੀ ਹਾਊਸ ਨੇ ਅਪਣੇ ਮਤਾ ਨੰ: 145(5) ਮਿਤੀ 24.12.2019 ਰਾਹੀਂ ਦੇ ਦਿੱਤੀ ਗਈ। ਇਥੇ ਇਹ ਦਸਣਯੋਗ ਹੈ ਕਿ **ਮਿਤੀ 24.08.2020 ਤੋ ਨਵਾਂ ਸੀ.ਐਸ.ਆਰ 2020 ਅਤੇ ਨਵੀਆਂ ਏ.ਸੀ ਸਲੀਪਾਂ ਮਿਤੀ 08.10.2021 ਰਾਹੀਂ ਹੋਂਦ ਵਿੱਚ ਆਉਣ ਕਾਰਨ ਇਸ ਕੰਮ ਦੇ ਤਖਮੀਨਾ ਨੂੰ ਇੰਜੀਨੀਅਰਿੰਗ ਸ਼ਾਖਾ ਵੱਲੋਂ ਮੁੜ ਤਿਆਰ ਕੀਤਾ ਗਿਆ ਜ਼ੋ ਕਿ ਅਸਲ ਤਖਮੀਨੇ ਤੋ 10% Variation ਵਿੱਚ ਆਉਣ ਕਾਰਨ ਮੁੜ ਇਸ** ਰਿਵਾਇਜ਼ ਤਖਮੀਨੇ ਦੀ ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਹੁਕਮ ਮਿਤੀ 15.11.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਇਸ ਕੰਮ ਦੇ ਟੈਂਡਰ ਦੀ ਪੂਰਵ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.4.2022

ਮਤਾ ਨੰਬਰ:-120

ਵਿਸ਼ਾ:- Providing and Laying of 10 inch dia Sewerline and Manholes at Jinda Phatak road to New Anand Nagar W 80 (ਈ-ਟੈਂਡਰ ਪ੍ਰਵਾਨਗੀ ਹਿੱਤ)

| | | | |
|---|---|---|---|
| ਤਖਮੀਨਾ | ਰੁਪਏ 13,85,500/- | | |
| ਟੈਂਡਰ ਅਮਾਊਂਟ | ਰੁਪਏ 12,93,225/- | Saving 6.66% | |
| ਫਰਮ ਦਾ ਨਾ | The Adhi Co.op L/C Society Ltd. | | |
| ਟੈਂਡਰ ਕਾਲ ਕੀਤੇ:- | ਪਹਿਲੀ Attempt | ਪ੍ਰਾਪਤ ਹੋਏ ਟੈਂਡਰ-4 | |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 16.11.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੁਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਇਸ ਕੰਮ ਦੇ ਟੈਂਡਰ ਦੀ ਪੂਰਵ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.4.2022

ਮਤਾ ਨੰਬਰ:-121

**ਵਿਸ਼ਾ:-** **Augmentation of Water Supply Pipe Line at Jalandhar Town Package- 1D (Zone No. 5-A ) Under AMRUT ਈ-ਟੈਂਡਰ ਪ੍ਰਵਾਨਗੀ ਹਿੱਤ।**

| | | |
|---|---|---|
| ਤਖਮੀਨਾ ਰੁਪਏ | 208.60 ਲੱਖ | |
| ਟੈਂਡਰ ਅਮਾਊਂਟ ਰੁਪਏ | 230.08 ਲੱਖ | |
| ਪ੍ਰਾਪਤ ਟੈਂਡਰ = | 1 (ਚੌਥੀ ਬਾਰੀ) | ਸੇਵਿੰਗ +10.30% |
| ਅਜੰਸੀ ਦਾ ਨਾਮ | ਮੈਸ: Infinity Infra | |

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ( ਓ ਐਂਡ ਐਮ) ਅਤੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਕਿ ਜਲੰਧਰ ਸੈਂਟਰਲ ਹਲਕਾ ਦੇ ਵਿਧਾਇਕ ਸ਼੍ਰੀ ਰਜਿੰਦਰ ਬੇਰੀ ਜੀ ਵਲੋਂ ਆਪਣੇ ਪੱਤਰ ਰਾਹੀਂ ਲਿਖਿਆ ਗਿਆ ਕਿ ਉਨ੍ਹਾਂ ਦੇ ਹਲਕੇ ਵਿੱਚ ਪੈਂਦੇ ਆਉਟਰ ਇਲਾਕਿਆਂ ਦੀਆਂ ਕੁੱਝ ਕਲੋਨੀਆਂ ਵਿੱਚ ਪਾਣੀ ਦੀਆਂ ਪਾਇਪਾਂ ਪਾਉਣ ਦਾ ਕੰਮ ਕਰਵਾਉਣਾ ਅਤਿ ਜਰੂਰੀ ਹੈ ਤਾਂ ਜੋ ਪਾਇਪਾਂ ਪਾਉਣ ਉਪਰੰਤ ਇਨ੍ਹਾਂ ਇਲਾਕਿਆਂ ਵਿੱਚ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਜਾ ਸਕੇ। ਇਸ ਉਪਰੰਤ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਵਲੋਂ ਪੱਤਰ ਨੰਬਰ 39/ਸੀ.ਈ/ਡਬਲਯੂ/ਜੀ ਮਿਤੀ 24-05-2021 ਰਾਹੀਂ ਜਨਰਲ ਮੈਨੇਜਰ (ਪ੍ਰੋਜੈਕਟ) PMIDC ਨੂੰ ਲਿਖਿਆ ਗਿਆ ਕਿ ਵਿਧਾਇਕ ਜੀ ਦੇ ਹੁਕਮਾਂ ਅਨੁਸਾਰ ਇਨ੍ਹਾਂ ਇਲਾਕਿਆਂ ਵਿੱਚ ਅਮਰੁਤ ਸਕੀਮ ਦੇ ਅਧੀਨ ਵਾਟਰ ਸਪਲਾਈ ਦੀਆਂ ਲਾਈਨਾਂ ਪਾਈਆਂ ਜਾਣ, ਜਿਸ ਉਪਰੰਤ ਜਨਰਲ ਮੈਨੇਜਰ (ਪ੍ਰੋਜੈਕਟ) PMIDC ਵਲੋਂ ਆਪਣੇ ਪੱਤਰ ਨੰਬਰ 4232 ਮਿਤੀ 28-05-2021 ਰਾਹੀਂ DNIT ਅਤੇ Estimate ਭੇਜੇ ਗਏ, ਜਿਸ ਦੀ ਅਪਰੂਵਲ ਟੈਕਨੀਕਲ ਸੱਬ ਕਮੇਟੀ, ਸਥਾਨਕ ਸਰਕਾਰ ਪੰਜਾਬ ਦੀ 92ਵੀਂ ਮੀਟਿੰਗ ਮਿਤੀ 07-06-2021 ਰਾਹੀਂ ਦਿੱਤੀ ਗਈ।

ਇਸ ਉਪਰੰਤ ਇਸ ਪ੍ਰੋਜੈਕਟ ਦੀ ਤਜਵੀਜ ਦੀ ਪ੍ਰਵਾਨਗੀ ਮੇਅਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 21-06-2021 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ। ਜਿਸ ਉਪਰੰਤ ਮਿਤੀ 29-06-2021, 28-07-2021, 18-08-2021 ਰਾਹੀਂ ਤਿੰਨ ਬਾਰ ਟੈਂਡਰ ਮੰਗੇ ਗਏ, ਜਿਸ ਵਿੱਚ ਕੋਈ ਵੀ ਬਿਡ ਪ੍ਰਾਪਤ ਨਹੀਂ ਹੋਈ। ਇਸ ਉਪਰੰਤ ਮੁੜ ਮਿਤੀ 01-09-2021 ਨੂੰ ਚੌਥੀ ਬਾਰ ਟੈਂਡਰ ਮੰਗੇ ਗਏ, ਜਿਸ ਵਿੱਚ ਸਿਰਫ ਇੱਕ ਟੈਂਡਰ ਮੈਸ: Infinity Infra ਦਾ ਪ੍ਰਾਪਤ ਹੋਇਆ। ਇਸ ਉਪਰੰਤ ਨਿਗਰਾਨ ਇੰਜੀਨੀਅਰ ਓ.ਐਂਡ.ਐਮ ਦੇ ਪੱਤਰ ਨੰਬਰ 193/ਸੀ.ਈ/ਡਬਲਯੂ.ਐਸ/ਜੀ ਮਿਤੀ 29-09-2021 ਰਾਹੀਂ Shah Technical Consultant ਨੂੰ ਪ੍ਰਾਪਤ ਬਿਡ ਦੀ ਟੈਕਨੀਕਲ ਵੈਲੁਏਸ਼ਨ ਕਰਨ ਵਾਸਤੇ ਲਿਖਿਆ ਗਿਆ, ਜਿਸ ਉਪਰੰਤ GM, PMIDC ਵਲੋਂ ਪੱਤਰ ਨੰਬਰ 9542 ਮਿਤੀ 12-10-2021 ਰਾਹੀਂ ਦਸਿਆ ਗਿਆ ਕਿ ਪ੍ਰਾਪਤ ਬਿਡ ਦੇ ਸਾਰੇ ਕਾਗਜ ਪੂਰੇ ਹਨ ਅਤੇ ਇਸ ਦੀ ਵਿੱਤੀ ਬਿਡ ਖੋਲੀ ਜਾ ਸਕਦੀ ਹੈ, ਜਿਸ ਉਪਰੰਤ ਮਿਤੀ 13-10-2021 ਨੂੰ ਵਿੱਤੀ ਬਿਡ ਖੋਲੀ ਗਈ ਜੋ ਕਿ ਐਸਟੀਮੇਟ ਤੋਂ 24.13% ਵੱਧ ਸੀ ਅਤੇ ਇਸ ਨੂੰ ਪੱਤਰ ਨੰਬਰ 214/ਸੀ.ਈ/ਡਬਲਯੂ.ਐਸ/ਜੀ ਮਿਤੀ 14-10-2021 ਰਾਹੀਂ ਪ੍ਰਾਪਤ ਵਿੱਤੀ ਬਿਡ ਦੀ ਤੁਲਨਾਤਮਕ ਸੂਚੀ ਬਣਾ ਕੇ ਜਨਰਲ ਮੈਨੇਜਰ (ਪ੍ਰੋਜੈਕਟ) PMIDC ਨੂੰ ਭੇਜੀ ਗਈ।

ਇਸ ਉਪਰੰਤ ਟੈਕਨੀਕਲ ਸੱਬ ਕਮੇਟੀ ਦੀ 95ਵੀਂ ਮੀਟਿੰਗ ਮਿਤੀ 29-10-2021 ਵਿੱਚ ਇਸ ਟੈਂਡਰ ਨੂੰ ਵਿਚਾਰਿਆ ਗਿਆ ਅਤੇ ਠੇਕੇਦਾਰ ਨਾਲ ਨੈਗੋਸੀਏਸ਼ਨ ਕਰਨ ਉਪਰੰਤ ਐਸਟੀਮੇਟ ਤੋਂ 10.30% ਵੱਧ ਤੇ ਪਾਸ ਕੀਤਾ ਗਿਆ ਜੋ ਕਿ ਨਵੀਂ ਪ੍ਰੀਮੀਅਮ ਲੀਸਟ ਦੇ ਹਿਸਾਬ ਨਾਲ ਐਸਟੀਮੇਟ ਦੇ ਬਰਾਬਰ ਸੀ। ਇਸ ਉਪਰੰਤ ਸਟੇਟ ਲੈਵਲ ਟੈਕਨੀਕਲ ਕਮੇਟੀ, ਸਥਾਨਕ ਸਰਕਾਰ, ਪੰਜਾਬ ਦੀ 49ਵੀਂ ਮੀਟਿੰਗ ਮਿਤੀ 09-12-2021 ਰਾਹੀਂ ਇਸ ਪ੍ਰੋਜੈਕਟ ਨੂੰ ਪਾਸ ਕੀਤਾ ਗਿਆ। ਇਸ ਲਈ ਸਰਕਾਰ ਵਲੋਂ ਪ੍ਰਵਾਨ ਕੀਤੇ ਗਏ ਉਪਰੋਕਤ ਕੰਮ ਦੇ ਟੈਂਡਰ ਦੀ ਅੰਤਿਮ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋਂ ਲੜੀਂਦੀ ਹੈ, ਇਸ ਲਈ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਤਜਵੀਜ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮੇਅਰ ਜੀ ਨੇ ਮਿਤੀ 5.1.2022 ਨੂੰ ਲਿਖਿਆ ਹੈ ਕਿ :

1. Exerience Certificate issued by Chief Executive Officer, Jalandhar Smart City Limited does not clarify that M/s Infinity Infra is a nominated Sub Contractor of Prime Contractor or not.
2. Contract details and financial transations between Sub Contractor and Prime Contractor, be verified and report.
3. If M/s Infinity Infra, Sub-Contractor exists, whether it involves all main items of work described in Bid Document of Rs. 209.61 lakhs.
4. Certificates of last three years Turnover be supported with Balance Sheets be put up with Bid Capacity of bidder.

ਕਾਰਜਕਾਰੀ ਇੰਜੀਨਿਅਰ( ਓ ਐਂਡ ਐਮ) ਅਤੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 24.2.2022 ਰਾਹੀਂ ਹੇਠ ਅਨੁਸਾਰ ਜਵਾਬ ਦਿੱਤਾ ਹੈ:

1. The work mentioned in the bid for experience has been given by M/s. RG-MAGRAY (JV) to M/s Infinity Infra vide Agreement dated 10.09.2020 attached on page no. 550 to 551 and work certificate by M/s RG-MGRAY (JV) issued to M/s. Infinity Infra has been attached on Page no. 552 and also on work certificate issued by CEO, Jalandhar Smart City Limited on Page No. 601.
2. Contract details have been mentioned in an Agreement as mentioned above and transactions have been shown in Balance Sheet on Page No. 532,
3. Work Certificate issued by CEO, Jalandhar Smart City Limited on Page No 601 defines t he work of DK K-7 pipes which was required as per SBD.
4. Bid Capacity has been calculated on Page No. 565 and CA Certificate along with Balance Sheets has been marked okn Page No. 527 to 531.

ਮੇਅਰ ਜੀ ਨੇ ਮਿਤੀ 20.1.2022 ਨੂੰ ਚੇਅਰਮੈਨ ਐਡਹਾਕ ਕਮੇਟੀ ਨੂੰ ਵਿਚਾਰਣ ਹਿੱਤ ਲਿਖਿਆ ।

ਚੇਅਰਮੈਨ (ਓ ਐਂਡ ਐਮ) ਐਡਹਾਕ ਕਮੇਟੀ ਨੇ ਮਿਤੀ 25.1.2022 ਨੂੰ ਲਿਖਿਆ ਹੈ ਕਿ I do not find the compliance of Punjab Municipal Accounting Manual 2017 and SOP issued by the Local Government in the instant case. The letter issued by CE, LG placed on the file at page 309 require MCJ to make compliance of SOP in all cases. If in this case compliance of Accounting Manual 2017 and SOP is not required then please specified the reasons.

Single tender was received on 21.9.2021 but the premium list was revised on 8.10.2021, i.e. after the date of receiving the tender, therefore this revision can not be considered. However, SE(O&M) in his letter dated 14/10/2021 (page 607) took the plea of this revision for enhancement of estimate which is not propitious for MCJ as it is also against the prevailing precedent in MCJ. We give the benefit of revisioin of premium in case whre revisioin takes plce between the date of passing of resolution and receiving of tenders. As such if the tender amount is more than the estimate amount is to be accepted with the approval of Local Govt. and not with the PMIDC.

Format 2.2 given by the bidder is totally misleading. Bilateral agreement was executed between the Prime Contractor and Sub-Contractor. The Sub-Contractor worked for prime contractor and prime contractor was responsible to JSCL for work done by sub-contractor as per letter of approval given by CEO, JSCL on 15/10/2020 to prime contractor, as such CEO, JSCL cannot be held the employer of sub-contractor. More so, the approval to engage the sub-contractor was given vide CEO, JSCL vide letter dated 15/10/2020 but agreement between Prime Contractor and Sub-Contractor was executed on 10/09/2020. Is it possible?

Above all the validity of tender was 4 months which was stated in DPR as well as in the affidavit given by the bidder, as such these 4 months have lapsed on 20/01/2022. Please intimate how the anticipation approval can be granted to an outdated tender.

Please ask SE(O&M) to make a self speaking report on all above issues and lay the case before F&CC along with his report to the affect that all rules/regulations/instructions have been complied with while placing the issue before F&CC.

ਕਾਰਜਕਾਰੀ ਇੰਜੀਨਿਅਰ( ਓ ਐਂਡ ਐਮ) ਅਤੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 24.2.2022 ਰਾਹੀਂ ਹੇਠ ਅਨੁਸਾਰ ਜਵਾਬ ਦਿੱਤਾ ਹੈ ਅਤੇ ਮਤੇ ਨੂੰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ :

| **Subject: Reply to Observations by Chairman (O&M), Adhoc Committee dated 25.01.2022** |
|---|
| **Ref:**<br>1. **Tenders opened on 13.10.2021**<br>2. **Approval by SLTC dated 09.12.2021**<br>3. **Sent to F&CC dated 16.12.2021**<br>4. **1st Observations received dated 05.01.2022**<br>5. **1st Observations reply sent dated 12.01.2022**<br>6. **2nd Observations received dated 10.02.2022** |

In regard to the above it is to inform you that the project file for approval from F&CC was sent on 16.12.2021, which is being delayed and may result in cancelation of project. The point wise reply to the observations are mentioned below:

1. It is clarified that this is a Govt. of India funded “AMRUT” Scheme and the SOP mentioned in the letter of Page no. 309 is for MC funded projects. As per AMRUT guidelines, Principal Secretary to Local Govt. Punjab is the sanctioning authority of all the estimates and tenders which have already been taken in State Level Technical Committee meeting No. 49th dated 09.12.2021under the chairmanship of Principle Secretary to Local Govt and final approval has been given by Chief Secretary to the Govt. of Punjab in its meeting of State High Power committee. Moreover the project has been anticipated by worthy Mayor on 21.06.2021
2. In this regard, as everyone is well aware that the prices of Steel and Cement were increasing everyday vigorously in that period of time and the rates taken in CSR were on the lower side, considering this Govt. of Punjab also issued premium list on 08.10.2021.

   All the tenders received in State of Punjab in context to Steel and DI pipes were on the higher side. To start the work with the allotted funds of Govt. of India, it was important to issue the work order as soon as possible. So, it was suggested by Technical Sub Committee to revise the amount as per new premium list considering “Regular increase in Rates of Raw Steel and DI Pipes”. After this, “To start the project”, the higher amount with respect to estimate was first recommended by Technical Sub Committee, Local Govt. and then “Approved by Principal Secretary to Local Govt.” in its State Level Technical Committee meeting as mentioned above.

3. As mentioned in the reply of 1st Observations reply dated 12.01.2022, there is a legal agreement between the parties and all the transactions have been done between them and this can be accepted as considering all these factors project has been approved both in TSC, Local Govt. meeting and SLTC, Local Govt. meeting.
4. As the 80% of the project cost is from government and 20% share is of MC, the tender has been approved already by State Level Technical Committee of Local Govt. and it has been sent for F&CC for MC formalities. So, there is no need of considering the lapse as the tender has been already approved by Principal Secretary to Local Govt.

As the project file is pending in the office of worthy Mayor since 16.12.2021and as per intimation by PSLG, Local Govt. in his review meeting dated 17.02.2022, if the work order is not issued by 15th March 2022, the project may be cancelled and funds may be sent back to Govt. of India as it has been already a delay in allotment after approval of SLTC and copy of work orders have not been submitted to Govt. of India and the AMRUT scheme projects are being closely monitored by Chief Secretary to the Govt. of Punjab. It is requested to approve the agenda so as to utilize the funds allotted for Jalandhar City.

ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.4.2022

ਮਤਾ ਨੰਬਰ:-122

**ਵਿਸ਼ਾ:-** **Construction of 2.25 MLD ETP for Cow Dung West Water of Jamsher Dairy Complex including 5 years O&M at Jalandhar ਈ-ਟੈਂਡਰ ਪ੍ਰਵਾਨਗੀ ਹਿੱਤ।**

| | | |
|---|---|---|
| ਤਖਮੀਨਾ ਰੁਪਏ | 1392.79 ਲੱਖ | |
| ਟੈਂਡਰ ਅਮਾਊਂਟ ਰੁਪਏ | 1353.43 ਲੱਖ | |
| ਪ੍ਰਾਪਤ ਟੈਂਡਰ = | 5 (ਪਹਿਲੀ ਬਾਰੀ) | ਸੇਵਿੰਗ -2.82% |
| ਅਜੰਸੀ ਦਾ ਨਾਮ | ਮੈਸ: ਰਾਜ ਕੁਮਾਰ, ਕੰਟਰੈਕਟਰ। | |

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ( ਓ ਐਂਡ ਐਮ) ਅਤੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਕਿ ਮਾਨਯੋਗ ਨੈਸ਼ਨਲ ਗਰੀਨ ਟਰਬਿਊਨਲ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਜਲੰਧਰ ਸ਼ਹਿਰ ਵਿਖੇ ਬਣੇ ਹੋਏ ਜਮਸ਼ੇਰ ਡੈਅਰੀ ਕੰਪਲੈਕਸ ਦੇ ਵੇਸਟ ਵਾਟਰ ਨੂੰ ਟ੍ਰੀਟ ਕਰਨ ਵਾਸਤੇ **ETP** ਅਮਰੂਤ ਸਕੀਮ ਅਧੀਨ ਬਣਾਉਣ ਦੀ ਤਜਵੀਜ ਨੂੰ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 71 ਮਿਤੀ 01-12-2020 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਉਪਰੰਤ ਪੀ.ਐਮ.ਆਈ.ਡੀ.ਸੀ ਵਲੋਂ Shah Technical Consultant ਨੂੰ ਇਸ ਦੀ ਡੀ.ਪੀ.ਆਰ ਬਣਾਉਣ ਵਾਸਤੇ ਕਿਹਾ ਗਿਆ ਅਤੇ ਉਨ੍ਹਾਂ ਵਲੋਂ ਡੀ.ਪੀ.ਆਰ ਰੁਪਏ 1412.67 ਲੱਖ ਦੀ ਤਿਆਰ ਕੀਤੀ ਗਈ, ਜਿਸ ਨੂੰ ਸਟੇਟ ਹਾਈ ਪਾਵਰਡ ਸਟੇਰਿੰਗ ਕਮੇਟੀ ਦੀ 14ਵੀਂ ਮੀਟਿੰਗ ਮਿਤੀ 03-06-2021 ਵਿੱਚ ਪ੍ਰਵਾਨਗੀ ਦਿੱਤੀ ਗਈ। ਇਸ ਉਪਰੰਤ ਇਸ ਪ੍ਰੋਜੈਕਟ ਦੀ ਡੀ.ਐਨ.ਆਈ.ਟੀ ਰੁਪਏ 1392.79 ਲੱਖ ਦੀ ਪ੍ਰਵਾਨਗੀ ਟੈਕਨੀਕਲ ਸਬ ਕਮੇਟੀ ਦੀ 93ਵੀਂ ਮੀਟਿੰਗ ਮਿਤੀ 20-07-2021 ਵਿੱਚ ਦਿੱਤੀ ਗਈ। ਇਸ ਉਪਰੰਤ ਨਗਰ ਨਿਗਮ ਜਲੰਧਰ ਵਲੋਂ ਇਸ ਪ੍ਰੋਜੈਕਟ ਲਈ ਟੈਂਡਰ ਮੰਗੇ ਗਏ ਜੋ ਕਿ ਮਿਤੀ 17-09-2021 ਨੂੰ ਖੋਲੇ ਗਏ ਅਤੇ ਜਿਸ ਵਿੱਚ 5 ਬਿਡਾਂ ਪ੍ਰਾਪਤ ਹੋਈਆਂ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. M/s Raj Kumar, Contractor
2. M/s Ramky Enviro Services Pvt. Ltd.
3. M/s 21st Century Enviro Engineers Pvt. Ltd.
4. M/s Eco Paryavaran Engineers & Consultant Pvt. Ltd.
5. M/s Hydrotech Paryavaran (India) Pvt. Ltd.

ਉਪਰੋਕਤ ਪ੍ਰਾਪਤ ਬਿਡਾਂ ਟੈਕਨੀਕਲ ਵੈਲੁਏਸ਼ਨ ਕਰਨ ਵਾਸਤੇ M/s Shah Consultant Pvt. Ltd. ਨੂੰ ਭੇਜੀਆਂ ਗਈਆਂ। ਜਨਰਲ ਮੇਨੈਜਰ, PMIDC ਵਲੋਂ ਆਪਣੇ ਪੱਤਰ ਨੰਬਰ 11365 ਮਿਤੀ 30-11-2021 ਰਾਹੀਂ ਨਗਰ ਨਿਗਮ ਜਲੰਧਰ ਨੂੰ ਲਿਖਿਆ ਗਿਆ ਕਿ ਪ੍ਰਾਪਤ ਹੋਈਆਂ 5 ਬਿਡਾਂ ਵਿਚੋਂ 4 ਬਿਡਾਂ ਦੀ ਵਿੱਤੀ ਬਿਡ ਖੋਲੀ ਜਾ ਸਕਦੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

1. M/s Raj Kumar, Contractor
2. M/s 21st Century Enviro Engineers Pvt. Ltd.
3. M/s Eco Paryavaran Engineers & Consultant Pvt. Ltd.
4. M/s Hydrotech Paryavaran (India) Pvt. Ltd.

ਇਸ ਉਪਰੰਤ ਇਨ੍ਹਾਂ ਚਾਰਾਂ ਅਜੰਸੀਆਂ ਦੀਆਂ ਵਿੱਤੀ ਬਿਡਾਂ ਖੋਲਣ ਉਪਰੰਤ ਇਨ੍ਹਾਂ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ M/s Raj Kumar, Contractor ਦੇ ਰੇਟ ਘੱਟ ਪਾਏ ਗਏ। ਨਿਗਰਾਨ ਇੰਜੀਨੀਅਰ ਓ.ਐਂਡ.ਐਮ ਵਲੋਂ ਆਪਣੇ ਪੱਤਰ ਨੰਬਰ 275/ਸੀ.ਈ/ਡਬਲਯੂ.ਐਸ/ਜੀ ਮਿਤੀ 01-12-2021 ਰਾਹੀਂ ਜਨਰਲ ਮੇਨੈਜਰ, PMIDC ਨੂੰ ਇਸ ਕੰਮ ਦੇ ਟੈਂਡਰ ਦੀ ਵਿੱਤੀ ਪ੍ਰਵਾਨਗੀ ਲਈ ਕੇਸ ਭੇਜਿਆ ਗਿਆ, ਜਿਸ ਦੀ ਪ੍ਰਵਾਨਗੀ ਟੈਕਨੀਕਲ ਸੱਬ ਕਮੇਟੀ ਦੀ 97ਵੀਂ ਮੀਟਿੰਗ ਮਿਤੀ 03-12-2021 ਅਤੇ ਸਟੇਟ ਲੈਵਲ ਟੈਕਨੀਕਲ ਕਮੇਟੀ, ਸਥਾਨਕ ਸਰਕਾਰ, ਪੰਜਾਬ ਦੀ 49ਵੀਂ ਮੀਟਿੰਗ ਮਿਤੀ 09-12-2021 ਰਾਹੀਂ ਦਿੱਤੀ ਗਈ। ਜਿਸ ਅਨੁਸਾਰ ਮੈਸ: ਰਾਜ ਕੁਮਾਰ, ਕੰਟਰੈਕਟਰ ਦਾ ਰੇਟ ਤਖਮੀਨੇ ਨਾਲੋਂ 2.82% ਘੱਟ ਹੋਣ ਕਾਰਨ ਇਸ ਟੈਂਡਰ ਨੂੰ ਪ੍ਰਵਾਨ ਕੀਤਾ ਗਿਆ ਇਸ ਲਈ ਸਰਕਾਰ ਵਲੋਂ ਪ੍ਰਵਾਨ ਕੀਤੇ ਗਏ ਉਪਰੋਕਤ ਕੰਮ ਦੇ ਟੈਂਡਰ ਦੀ ਅੰਤਿਮ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋਂ ਲੜੀਂਦੀ ਹੈ ਅਤੇ ਐਨ.ਜੀ.ਟੀ ਦੀਆਂ ਹਦਾਇਤਾਂ ਅਨੁਸਾਰ ਇਹ ਕੰਮ ਜਲਦੀ ਕਰਵਾਉਣਾ ਹੈ, ਇਸ ਲਈ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਤਜਵੀਜ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮੇਅਰ ਜੀ ਨੇ ਮਿਤੀ 16.12.2021 ਨੂੰ ਚੇਅਰਮੈਨ ਐਡਹਾਕ ਕਮੇਟੀ ਨੂੰ ਵਿਚਾਰਣ ਹਿੱਤ ਲਿਖਿਆ ।

ਚੇਅਰਮੈਨ (ਓ ਐਂਡ ਐਮ) ਐਡਹਾਕ ਕਮੇਟੀ ਨੇ ਮਿਤੀ 25.1.2022 ਨੂੰ ਲਿਖਿਆ ਹੈ ਕਿ In Resolution No. 71 dated 01/12/2020, the Corporation in principle decided to construct 5 MLD ETP at Jamsher Dairy Complex at a cost of Rs. 10 Crores. In this Resolution It was never decided to construct a 2.25 MLD ETP for Cow Dung Waste Water of Jamsher Dairy Complex including 5 years O&M at a cost of Rs. 1392.79 Lacs. In the resolution neither technology nor methodology nor site nor drawings nor cost analysis for estimates were resolved. These things were received from GM (Project) PMIDC at the Instance of SE (O&M), MCJ without the knowledge of Corporation or without the knowledge of Commissioner, MC Jalandhar and without the

knowledge of MC Corporation or without the approval of Govt. It seems that SE (O&M) has no regards for Commissioner, MC Jalandhar, Govt. rules and regulations. It is SE (O&M) MCJ and GM (Projects), PMIDC who have all the powers to get execution of works for MCJ. The authorities of MCJ are supposed to work at their sweet wills. Without going into the depth of case, the S.E (O&M) be asked to put file to F&CC along with comments on the above, provided the validity of tenders still prevails.

ਕਾਰਜਕਾਰੀ ਇੰਜੀਨਿਅਰ( ਓ ਐਂਡ ਐਮ) ਅਤੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 24.2.2022 ਰਾਹੀਂ ਹੇਠ ਅਨੁਸਾਰ ਜਵਾਬ ਦਿੱਤਾ ਹੈ ਅਤੇ ਮਤੇ ਨੂੰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ :

| **Subject: Reply to Observations by Chairman (O&M), Adhoc Committee dated 25.01.2022** |
| --- |
| **Ref:**<br>**1.Tenders opened on 01.12.2021**<br>**2. Approval by SLTC dated 09.12.2021**<br>**3. Sent to F&CC dated 14.12.2021**<br>**4. Observations received dated 10.02.2022** |

In regard to the above it is to inform you that the project file for approval from F&CC was sent on 14.12.2021, which is being delayed and may result in cancelation of project. The point wise reply to the observations is mentioned below:

1. In regard to the above, it is clarified that the Capacity of 5 MLD ETP and its cost was tentative at the time of approval of house agenda as no project likewise in State of Punjab for Dairy waste water treatment has been built or working under Govt. of Punjab.
2. PMIDC and PDMC have been designated by Local Govt. to develop the projects of all the schemes of Govt. of India. As this is the new thing for State of Punjab and being the technical expertise, PMIDC and PDMC have framed the project considering the present situation, future demands i.e. 2.25 MLD and quality of effluent. Technology has been decided by them only which has been mentioned in DPR. After the approval of the DPR only, tenders were called. It is also clarified that the revised agenda will be sent to House for approval as per allotted tender.

It is also intimated that this project is Govt. of India funded Project and was taken up as per the orders of H"BLe NGT Monitoring Committee for stopping the dairy waste water going into Garha Drain and then to Sutlej River. As per the latest orders of H"Ble NGT, Chief Secretary to the Govt. of Punjab is closely monitoring the progress of these projects. As the project file is pending in the office of worthy Mayor since 14.12.2021and as per intimation by PSLG, Local Govt. in his review meeting dated 17.02.2022, if the work order is not issued by 15$^{th}$ March 2022, the project may be cancelled and funds may be sent back to Govt. of India as it has been already a delay in allotment after approval of SLTC and copy of work orders have not been submitted to Govt. of India. It is requested to approve the agenda so as to utilize the funds allotted for Jalandhar City.

ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.4.2022

ਮਤਾ ਨੰਬਰ:-123

ਵਿਸ਼ਾ:- ਕੰਸਟਕਰਸ਼ਨ ਆਫ ਸੀ.ਸੀ. ਫਲੋਰਿੰਗ ਇਨ ਸਟਰੀਟਸ ਇਨ ਉਪਕਾਰ ਨਗਰ, ਵਾਰਡ ਨੰ: 58.
(ਸਾਈਟ ਬਦਲੀ ਕਰਨ ਸਬੰਧੀ)

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 1140 ਮਿਤੀ 27.12.2021 ਦੇ ਸਬੰਧ ਵਿੱਚ ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਜਿਸ ਦੀ ਸਿ਼ਫਾਰਸ਼ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਕੀਤੀ ਹੈ ਕਿ ਉਪਰੋਕਤ ਕੰਮ ਦੀ ਗੁਰੂ ਨਾਨਕ ਪੁਰਾ ਕੋ.ਅਪ.ਐਲ.ਸੀ.ਸੋਸਾਇਟੀ ਨੂੰ ਵਰਕ ਆਰਡਰ ਨੰ. ਸੀ.ਈ/ਐਨ/225 ਮਿਤੀ : 06.09.2021 ਅਲਾਟ ਕੀਤਾ ਗਿਆ ਸੀ। ਇਸ ਕੰਮ ਵਿੱਚੋ ਉਪਰਕਾਰ ਨਗਰ ਵਿਖੇ ਇੱਕ ਗਲੀ ਬਣਾ ਦਿੱਤੀ ਗਈ ਸੀ। ਇਸ ਤੋਂ ਬਾਅਦ ਇਲਾਕਾ ਕੋਂਸਲਰ ਵਲੋਂ ਆਪਣੇ ਪੱਤਰ ਰਾਹੀਂ ਬੇਨਤੀ ਕੀਤੀ ਹੈ ਕਿ ਇਸ ਤਖਮੀਨੇ ਵਿਚੋਂ ਬਾਕੀ ਰਹਿੰਦਾ ਕੰਮ ਵਿਨੈ ਨਗਰ ਵਿਖੇ ਕਰਵਾਇਆ ਜਾਵੇ ਕਿਉਂਕਿ ਪਾਣੀ ਦੀ ਪਾਈਪ ਪੈਣ ਕਾਰਨ ਇਥੇ ਦੀਆਂ ਗਲੀਆਂ ਦੀ ਹਾਲਤ ਬਹੁਤ ਖਸਤਾ ਹੈ। ਇਸ ਤੋਂ ਬਾਅਦ ਇਹਨਾਂ ਦਾ ਮੌਕਾ ਦੇਖਿਆ ਗਿਆ ਅਤੇ ਇਸ ਦਾ ਸੋਧਿਆ ਤਖਮੀਨਾ ਤਿਆਰ ਕੀਤਾ ਗਿਆ ਜ਼ੋ ਕਿ ਅਸਲ ਤਖਮੀਨੇ ਦੀ ਪ੍ਰਵਾਨਿਤ ਰਾਸ਼ੀ ਦੇ ਅਨੁਸਾਰ ਹੀ ਹੈ। ਇਸ ਲਈ ਇਸ ਸੋਧੇ ਤਖਮੀਨੇ ਨੂੰ ਪ੍ਰਵਾਨਗੀ ਦਿੱਤੀ ਜਾਵੇ ਅਤੇ ਨਾਲ ਹੀ ਇਸ ਕੰਮ ਦੀ ਸਾਈਟ ਬਦਲਣ ਦੀ ਵੀ ਮੰਜ਼ੂਰੀ ਦਿੱਤੀ ਜਾਵੇ। ਵਿੱਤ ਅਤੇ ਠੇਕਾ ਕਮੇਟੀ ਵਿਚ ਪਾਸ ਕਰਨ ਉਪਰੰਤ 1 ਮਹੀਨੇ ਦਾ ਸਮਾਂ ਕੰਮ ਖਤਮ ਕਰਨ ਲਈ ਦੇਣ ਦੀ ਪ੍ਰਵਾਨਗੀ ਵੀ ਦਿੱਤੀ ਜਾਵੇ । ਹਵਾਲੇ ਅਧੀਨ ਇਹ ਮੱਦ ਵਿਚਾਰਣ ਉਪਰੰਤ ਲੰਬਿਤ ਰੱਖੀ ਗਈ ਸੀ ।

ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 6.1.2022 ਨੂੰ ਰਿਪੋਰਟ ਕੀਤੀ ਹੈ ਜਿਸ ਦੀ ਸਿ਼ਫਾਰਸ਼ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਕੀਤੀ ਹੈ ਕਿ ਵਿਸ਼ੇ ਅਧੀਨ ਕੰਮ ਦੀ ਗੁਰੂ ਨਾਨਕ ਪੁਰਾ ਕੋ.ਅਪ.ਐਲ.ਸੀ.ਸੋਸਾਇਟੀ ਨੂੰ ਵਰਕ ਆਰਡਰ ਨੰ. ਸੀ.ਈ/ਐਨ/225 ਮਿਤੀ : 06.09.2021 ਅਲਾਟ ਕੀਤਾ ਗਿਆ ਸੀ।ਇਸ ਕੰਮ ਵਿੱਚ ਪਹਿਲਾਂ ਤਿਆਰ ਕੀਤੇ ਅਸਲ ਤਖ਼ਮੀਨੇ ਅਤੇ ਸੋਧੇ ਹੋਏ ਤਖਮੀਨੇ ਦੀ ਰਕਮ 27.96 ਲੱਖ ਰੁਪਏ ਹੈ । ਇਸ ਮਤੇ ਨੂੰ ਪਾਸ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ।

ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.4.2022